# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ, ਪੰਜਾਬ।

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ ਨਗਰ।

**(ਵੈਬ-ਸਾਈਟ ਰਾਹੀਂ)**

ਵੱਲ

**ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**
**ਸਮੂਹ ਬੀ.ਪੀ.ਈ.ਓ, ਸਕੂਲ ਮੁੱਖੀ,**
**ਪੰਜਾਬ।**

**ਮੀਮੋ ਨੰ - ਏ.ਡੀ (ਈ ਤੇ ਆਈ)/323369/2022/ 14063**
**ਮਿਤੀ - 19 .05.2022**

**ਵਿਸ਼ਾ-** **ਸਿੱਖਿਆ ਵਿਭਾਗ ਪੰਜਾਬ ਵੱਲੋਂ ਸਮੂਹ ਸਕੂਲ ਮੁੱਖੀਆਂ ਪਾਸੋਂ ਸਿੱਖਿਆ ਸੁਧਾਰਾਂ ਬਾਰੇ ਸੁਝਾਅ ਲੈਣ ਲਈ ਜਾਰੀ ਪੋਰਟਲ ਲਿੰਕ ਬਾਰੇ ।**

**ਹਵਾਲਾ :** **ਇਸ ਦਫਤਰ ਦੇ ਮੀਮੋ ਨੰ - ਏ.ਡੀ (ਈ ਤੇ ਆਈ)/2022/114424 ਮਿਤੀ - 13.05.2022 ਦੀ ਲਗਾਤਾਰਤਾ ਵਿਚ।**

1.0 ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਸਿੱਖਿਆ ਵਿਭਾਗ ਵੱਲੋਂ ਮਿਤੀ 10 ਮਈ, 2022 ਨੂੰ ਜਿਲਾ ਲੁਧਿਆਣਾ ਵਿਖੇ ਸਿੱਖਿਆ ਸੁਧਾਰਾਂ ਸਬੰਧੀ ਸਿੱਖਿਆ ਅਧਿਕਾਰੀਆਂ ਅਤੇ ਸਕੂਲ ਮੁੱਖੀਆਂ ਨਾਲ ਇਕ ਵਿਸ਼ੇਸ ਮੀਟਿੰਗ ਕੀਤੀ ਸੀ। ਮੀਟਿੰਗ ਦੌਰਾਨ ਸਿੱਖਿਆ ਸੁਧਾਰਾਂ ਸਬੰਧੀ ਵਿਚਾਰ ਲੈਣ ਲਈ ਇਕ ਆਨਲਾਈਨ ਪੋਰਟਲ ਜਾਰੀ ਕੀਤਾ ਗਿਆ ਸੀ। ਇਸ ਪੋਰਟਲ ਰਾਹੀਂ ਮਿਤੀ 20 ਮਈ, 2022 ਤੱਕ ਆਪਣੇ-ਆਪਣੇ ਸੁਝਾਅ ਦਰਜ ਕਰਨ ਬਾਰੇ ਹਵਾਲਾ ਪੱਤਰ ਰਾਹੀਂ ਲਿਖਿਆ ਗਿਆ ਸੀ।

3.0 ਸਮੂਹ ਸਕੂਲ ਮੁੱਖੀਆਂ ਦੇ ਧਿਆਨ ਵਿਚ ਲਿਆਦਾ ਜਾਦਾ ਹੈ ਕਿ, ਜਿਨਾਂ ਸਕੂਲ ਮੁੱਖੀਆਂ ਵੱਲੋਂ ਸਿੱਖਿਆ ਸੁਧਾਰਾਂ ਸਬੰਧੀ ਸੁਝਾਅ ਭੇਜੇ ਜਾਣਗੇ, ਉਨਾਂ ਸਕੂਲ ਦੀ modernizations ਕਰਨ ਲਈ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ ਅਤੇ ਭਵਿੱਖ ਵਿੱਚ ਵਿਭਾਗ ਦੀ ਕਿਸੇ ਹੋਰ ਪਹਿਲਕਦਮੀ ਲਈ ਵੀ ਉਹਨਾਂ ਸਕੂਲ ਮੁੱਖੀਆਂ/ਅਧਿਆਪਕਾ ਨੂੰ ਚੁਣਿਆ ਜਾਵੇਗਾ।

4.0 ਸਕੂਲ ਮੁੱਖੀਆਂ ਤੋਂ ਪ੍ਰਾਪਤ ਹੋਈ ਮੰਗ ਦੇ ਮੱਦੇਨਜਰ, ਸੁਝਾਅ ਦੇਣ ਦੀ ਆਖਰੀ ਮਿਤੀ ਵਿਚ 31.05.2022 ਤੱਕ ਦਾ ਵਾਧਾ ਕੀਤਾ ਜਾਦਾ ਹੈ। ਸਮੂਹ ਜਿਲਾ ਸਿੱਖਿਆ ਅਫਸਰ ਅਤੇ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਸਕੂਲ ਮੁੱਖੀਆਂ ਨੂੰ ਸੁਝਾਅ ਭੇਜਣ ਲਈ ਪ੍ਰੇਰਿਤ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

**ਪਿੱਠ ਅੰਕਣ ਨੰ: ਉਕਤ** **ਮਿਤੀ : ਉਕਤ**

ਇਸ ਦਾ ਉਤਾਰਾ ਪ੍ਰਿੰਸੀਪਲ ਸਕੱਤਰ, ਸਕੂਲ ਸਿੱਖਿਆ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**